# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ : 02-07-2025**

- ਕਵਾਡ ਮੈਂਬਰ ਦੇਸ਼ਾਂ ਨੇ ਪਹਿਲਗਾਮ ਦਹਿਸਤਗਰਦੀ ਹਮਲੇ ਦੀ ਕੀਤੀ ਨਿੰਦਾ -ਮੁਲਜ਼ਮਾਂ ਖਿਲਾਫ ਬਿਨਾਂ ਕਿਸੇ ਦੇਰੀ ਦੇ ਕਾਰਵਾਈ ਕਰਨ ਦੀ ਮੰਗ ।
- ਭਾਰਤੀ ਮੈਡੀਕਲ ਖੋਜ ਕੌਂਸਲ ਅਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਰਾਸ਼ਟਰੀ ਕੇਂਦਰ ਦੇ ਅਧਿਐਨਾਂ 'ਚ ਕੋਵਿਡ-19 ਟੀਕਿਆਂ ਅਤੇ ਅਚਾਨਕ ਹੋ ਰਹੀਆਂ ਮੌਤਾਂ ਵਿਚਕਾਰ ਕੋਈ ਸਬੰਧ ਨਹੀਂ ਪਾਇਆ ਗਿਆ ।
- ਜਲੰਧਰ ਦੇ ਆਦਮਪੁਰ ਸਿਵਲ ਹਵਾਈ ਅੱਡੇ ਤੋਂ ਮੁੰਬਈ ਲਈ ਘਰੇਲੂ ਹਵਾਈ ਸੇਵਾਵਾਂ ਦੀ ਸ਼ੁਰੂਆਤ-ਪਹਿਲੀ ਉਡਾਣ ਅੱਜ ਹੋਈ ਰਵਾਨਾ।

- ਅਮਰਨਾਥ ਯਾਤਰਾ ਲਈ ਸ਼ਰਧਾਲੂਆਂ ਦਾ ਪਹਿਲਾ ਜੱਥਾ ਅੱਜ ਦੁਪਹਿਰ ਜੰਮੂ ਤੋਂ ਕਸ਼ਮੀਰ ਪਹੁੰਚਿਆ।
- ਮੌਸਮ ਵਿਭਾਗ ਵਲੋਂ ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਰਾਜਸਥਾਨ ਸਮੇਤ ਉੱਤਰੀ ਅਤੇ ਮੱਧ ਭਾਰਤ ਵਿੱਚ ਮੀਂਹ ਲਈ ਔਰੰਜ ਅਲਰਟ ਜਾਰੀ।
- ਕ੍ਰਿਕਟ ਵਿੱਚ, ਬਰਮਿੰਘਮ ਵਿਖੇ ਐਂਡਰਸਨ-ਤੇਂਦੁਲਕਰ ਟਰਾਫੀ ਲੜੀ ਦੇ ਦੂਜੇ ਟੈਸਟ ਦੇ ਪਹਿਲੇ ਦਿਨ ਦਾ ਮੈਚ ਭਾਰਤ ਅਤੇ ਇੰਗਲੈਂਡ ਦਰਮਿਆਨ ਖੇਡਿਆ ਜਾ ਰਿਹਾ ਏ।

---------------------------------------------------------

ਕਵਾਡ ਸੰਗਠਨ ਦੇ ਮੈਂਬਰ ਦੇਸ਼ਾਂ ਨੇ ਪਹਿਲਗਾਮ ਦਹਿਸ਼ਤਗਰਦੀ ਹਮਲੇ ਦੇ ਦੋਸ਼ੀਆਂ, ਸਾਜ਼ਿਸ਼ਕਾਰਾਂ ਅਤੇ ਫੰਡ ਦੇਣ ਵਾਲਿਆਂ ਨੂੰ ਤੁਰੰਤ ਸਜ਼ਾ ਦੇਣ ਲਈ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਨਾਲ ਸਹਿਯੋਗ ਦੀ ਮੰਗ ਕੀਤੀ ਏ। ਅਮਰੀਕਾ ਦੇ ਵਾਸ਼ਿੰਗਟਨ ਡੀਸੀ ਵਿੱਚ ਹੋਈ ਕਵਾਡ ਵਿਦੇਸ਼ ਮੰਤਰੀਆਂ ਦੀ ਮੀਟਿੰਗ ਦੇ ਸਾਂਝੇ ਬਿਆਨ ਵਿੱਚ ਪਹਿਲਗਾਮ ਦਹਿਸ਼ਤਗਰਦੀ ਹਮਲੇ ਦੀ ਸਖ਼ਤ ਆਲੋਚਨਾ ਕੀਤੀ ਗਈ ਏ। ਮੀਟਿੰਗ

ਵਿੱਚ ਸਰਹੱਦ ਪਾਰ ਦਹਿਸ਼ਤਗਰਦੀ ਸਮੇਤ ਹਰ ਤਰ੍ਹਾਂ ਦੀ ਦਹਿਸ਼ਤਗਰਦੀ ਦੀ ਸਖ਼ਤ ਨਿੰਦਾ ਕੀਤੀ ਗਈ । ਮੀਟਿੰਗ ਵਿੱਚ, ਸੰਗਠਨ ਨੇ ਆਰਥਿਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕਵਾਡ ਮਹੱਤਵਪੂਰਨ ਖਣਿਜ ਪਹਿਲ ਵੀ ਸ਼ੁਰੂ ਕੀਤੀ। ਇਸਦਾ ਉਦੇਸ਼ ਇਸ ਖਣਿਜ ਦੀ ਸਪਲਾਈ ਨੂੰ ਸੁਰੱਖਿਅਤ ਕਰਨਾ ਅਤੇ ਹਿੰਦ ਪ੍ਰਸ਼ਾਂਤ ਦੇਸ਼ਾਂ ਵਿੱਚ ਆਰਥਿਕ ਸੁਰੱਖਿਆ ਨੂੰ ਮਜ਼ਬੂਤ ਕਰਨਾ ਏ। ਕਵਾਡ ਸੰਗਠਨ ਇੱਕ ਆਜ਼ਾਦ ਅਤੇ ਖੁੱਲ੍ਹੇ ਹਿੰਦ ਪ੍ਰਸ਼ਾਂਤ ਖੇਤਰ ਲਈ ਵਚਨਬੱਧ ਏ । ਮੈਂਬਰ ਦੇਸ਼ਾਂ ਨੇ ਸਾਈਬਰ ਅਪਰਾਧ ਅਤੇ ਔਨਲਾਈਨ ਧੋਖਾਧੜੀ ਖਿਲਾਫ ਲੜਾਈ ਲਈ ਵੀ ਵਚਨਬੱਧਤਾ ਪ੍ਰਗਟ ਕੀਤੀ।

---------------------------------------------------------------------

ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੇ ਕਿਹਾ ਏ ਕਿ, ਭਾਰਤੀ ਮੈਡੀਕਲ ਖੋਜ ਕੌਂਸਲ ਅਤੇ ਬਿਮਾਰੀਆਂ ਦੀ ਰੋਕਥਾਮ ਬਾਰੇ ਰਾਸ਼ਟਰੀ ਕੇਂਦਰ ਦੇ ਅਧਿਐਨਾਂ 'ਚ ਪਾਇਆ ਗਿਆ ਏ ਕਿ, ਕੋਵਿਡ-19 ਟੀਕਿਆਂ ਅਤੇ ਅਚਾਨਕ ਹੋ ਰਹੀਆਂ ਮੌਤਾਂ ਵਿਚਕਾਰ ਕੋਈ ਸਬੰਧ ਨਹੀਂ ਏ । ਦੇਸ਼ ਦੀਆਂ 2 ਪ੍ਰਮੁੱਖ ਮੈਡੀਕਲ ਖੋਜ ਸੰਸਥਾਵਾਂ ਦੇ ਅਧਿਐਨਾਂ ਨੇ ਪੁਸ਼ਟੀ

ਕੀਤੀ ਏ ਕਿ, ਭਾਰਤ ਵਿੱਚ ਵਰਤੇ ਜਾਣ ਵਾਲੇ ਕੋਵਿਡ-19 ਟੀਕੇ, ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਰਹੇ ਨੇ ਤੇ ਗੰਭੀਰ ਪ੍ਰਭਾਵਾਂ ਦੇ ਮਾਮਲੇ ਬਹੁਤ ਘੱਟ ਨੇ। ਭਾਰਤ ਵਿੱਚ ਅਚਾਨਕ ਦਿਲ ਦੇ ਦੌਰੇ ਨਾਲ ਹੋਣ ਵਾਲੀਆਂ ਮੌਤਾਂ ਜੀਵਨ ਸ਼ੈਲੀ, ਜੈਨੇਟਿਕਸ, ਪਹਿਲਾਂ ਤੋਂ ਮੌਜੂਦ ਸਿਹਤ ਸੰਬੰਧੀ ਸਥਿਤੀਆਂ ਤੇ ਕੋਵਿਡ ਤੋਂ ਬਾਅਦ ਦੀਆਂ ਪੇਚੀਦਗੀਆਂ ਕਾਰਨ ਹੋਈਆਂ ਹੋ ਸਕਦੀਆਂ ਨੇ ।

**ਇੱਕ ਰਿਪੋਰਟ ICMR ਦੇ ਪਹਿਲੇ ਅਧਿਐਨ ਦੇ ਨਤੀਜਿਆਂ ਨੇ ਸਪਸ਼ਟ ਤੌਰ 'ਤੇ ਦਿਖਾਇਆ ਏ ਕਿ COVID-19 ਟੀਕਾਕਰਨ, ਨੌਜਵਾਨ ਬਾਲਗਾਂ ਵਿੱਚ ਅਚਾਨਕ ਮੌਤ ਦੇ ਜੋਖਮ ਨੂੰ ਨਹੀਂ ਵਧਾਉਂਦਾ। ਦੂਜਾ ਅਧਿਐਨ ਇਸ ਸਮੇਂ ਏਮਜ਼, ਨਵੀਂ ਦਿੱਲੀ ਦੁਆਰਾ ਕੀਤਾ ਜਾ ਰਿਹਾ ਏ। ਸ਼ੁਰੂਆਤੀ ਵਿਸ਼ਲੇਸ਼ਣ ਦਰਸਾਉਂਦਾ ਏ ਕਿ ਦਿਲ ਦੇ ਦੌਰੇ, ਜਾਂ myocardial infarction, ਇਸ ਉਮਰ ਸਮੂਹ ਵਿੱਚ ਅਚਾਨਕ ਮੌਤ ਦਾ ਪ੍ਰਮੁੱਖ ਕਾਰਨ ਬਣੇ ਹੋਏ ਨੇ। ਅਧਿਐਨ, ਭਾਰਤ ਵਿੱਚ ਨੌਜਵਾਨ ਬਾਲਗਾਂ ਵਿੱਚ ਅਚਾਨਕ ਮੌਤਾਂ ਬਾਰੇ ਵਧੇਰੇ ਵਿਆਪਕ ਸਮਝ ਪੇਸ਼ ਕਰਦੇ ਨੇ। ਉਹ ਇਹ ਵੀ ਦੱਸਦੇ ਨੇ ਕਿ,**

**COVID-19 ਟੀਕਾਕਰਨ ਜੋਖਮ ਨੂੰ ਵਧਾਉਂਦਾ ਨਹੀਂ ਜਾਪਦਾ ਏ, ਜਦੋਂ ਕਿ ਪਹਿਲਾਂ ਤੋਂ ਮੌਜੂਦ ਸਿਹਤ ਮੁੱਦੇ, ਜੈਨੇਟਿਕ ਪ੍ਰਵਿਰਤੀ ਅਤੇ ਜੋਖਮ ਭਰਪੂਰ ਜੀਵਨ ਸ਼ੈਲੀ,  ਅਚਾਨਕ ਮੌਤਾਂ ਵਿੱਚ ਭੂਮਿਕਾ ਨਿਭਾਉਂਦੇ ਨੇ। ਵਿਗਿਆਨਕ ਮਾਹਿਰਾਂ ਨੇ ਦੁਹਰਾਇਆ ਏ ਕਿ, COVID ਟੀਕਾਕਰਨ ਨੂੰ ਅਚਾਨਕ ਮੌਤਾਂ ਨਾਲ ਜੋੜਨ ਵਾਲੇ ਬਿਆਨ ਝੂਠੇ ਅਤੇ ਗੁੰਮਰਾਹਕੁੰਨ ਨੇ, ਵਿਗਿਆਨਕ ਪੁਸ਼ਟੀ ਦੁਆਰਾ ਸਮਰਥਤ ਨਹੀਂ ਨੇ। ਬਿਊਰੋ ਰਿਪੋਰਟ ਨਾਲ ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਰਾਜੇਸ਼ ਬਾਲੀ**

---

ਜਲੰਧਰ ਦੇ ਆਦਮਪੁਰ ਸਿਵਲ ਹਵਾਈ ਅੱਡੇ ਤੋਂ ਮੁੰਬਈ ਲਈ ਘਰੇਲੂ ਹਵਾਈ ਸੇਵਾਵਾਂ ਦੀ ਸ਼ੁਰੂਆਤ ਦੇ ਨਾਲ, ਪ੍ਰਸ਼ਾਸਨ ਸਰਕਾਰ ਦੇ ਸਹਿਯੋਗ ਨਾਲ ਹੁਣ ਖੇਤਰ ਲਈ ਹਵਾਈ ਸੰਪਰਕ ਨੂੰ ਹੋਰ ਵਧਾਉਣ ਲਈ ਨਵੀਂ ਦਿੱਲੀ ਲਈ ਸਿੱਧੀਆਂ ਉਡਾਣਾਂ ਸੁਰੱਖਿਅਤ ਕਰਨ ਦੇ ਯਤਨ ਤੇਜ਼ ਕਰ ਰਿਹਾ ਏ ।  ਦੋਆਬਾ ਦੇ ਲੋਕਾਂ, ਖਾਸ ਕਰਕੇ ਜਲੰਧਰ ਨਿਵਾਸੀਆਂ ਨੂੰ ਅੱਜ ਪਹਿਲੀ ਮੁੰਬਈ ਉਡਾਣ 'ਤੇ ਵਧਾਈ ਦਿੰਦੇ ਹੋਏ, ਡਿਪਟੀ

ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਹ ਸੇਵਾ, ਪੰਜਾਬ ਦੇ ਪ੍ਰਵਾਸੀ ਭਾਰਤੀ ਅਤੇ ਉਦਯੋਗਿਕ ਕੇਂਦਰ ਲਈ ਇੱਕ ਲੀਕ ਤੋਂ ਹਟਕੇ ਸਾਬਤ ਹੋਵੇਗੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁਸਾਫ਼ਰ ਹੁਣ ਮੁੰਬਈ ਰਾਹੀਂ ਐਮਸ-ਟਰਡਮ, ਗੋਆ ਅਤੇ ਚੇਨਈ ਵਰਗੀਆਂ ਕਨੈਕਟਿੰਗ ਉਡਾਣਾਂ ਰਾਹੀਂ ਘਰੇਲੂ ਅਤੇ ਅੰਤਰ-ਰਾਸ਼ਟਰੀ ਥਾਵਾਂ ਤੱਕ ਆਸਾਨੀ ਨਾਲ ਪਹੁੰਚ ਕਰ ਸਕਦੇ ਨੇ। ਡਾ. ਅਗਰਵਾਲ ਨੇ ਦਸਿਆ ਕਿ ਆਦਮਪੁਰ ਤੋਂ ਨਵੀਂ ਦਿੱਲੀ ਲਈ ਉਡਾਣਾਂ ਸ਼ੁਰੂ ਕਰਨ ਲਈ ਏਅਰਲਾਈਨ ਆਪਰੇਟਰਾਂ ਨਾਲ ਵਿਚਾਰ-ਵਟਾਂਦਰਾ ਸ਼ੁਰੂ ਹੋ ਗਿਆ ਏ , ਜੋ ਕਿ ਪੂਰੇ ਦੋਆਬਾ ਖੇਤਰ ਦੀਆਂ ਯਾਤਰਾ ਜ਼ਰੂਰਤਾਂ ਨੂੰ ਹੋਰ ਵੀ ਪੂਰਾ ਕਰੇਗਾ । ਉਨ੍ਹਾਂ ਨੇ ਪ੍ਰਵਾਸੀ ਭਾਰਤੀਆਂ ਅਤੇ ਵਪਾਰਕ ਭਾਈਚਾਰੇ ਨੂੰ ਆਪਣੀਆਂ ਯਾਤਰਾ ਜ਼ਰੂਰਤਾਂ ਲਈ ਮੁੰਬਈ ਉਡਾਣ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਦੇ ਮਾਰਗਦਰਸ਼ਨ ਨਾਲ ਆਦਮਪੁਰ ਹਵਾਈ ਅੱਡੇ ਤੱਕ ਸੜਕ ਯਾਤਰਾ ਨੂੰ ਸੁਚਾਰੂ ਬਣਾਉਣ ਲਈ ਕਈ ਤਰ੍ਹਾਂ ਦੇ ਉਪਰਾਲੇ ਕੀਤੇ ਜਾਣਗੇ।

--------------------------------------------------

"ਬਮ ਬਮ ਭੋਲੇ" ਅਤੇ "ਹਰ ਹਰ ਮਹਾਦੇਵ" ਦੇ ਜੈਕਾਰਿਆਂ ਵਿਚਕਾਰ, ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਅੱਜ ਸਵੇਰੇ ਭਗਵਤੀ ਨਗਰ ਸਥਿਤ ਯਾਤਰੀ ਨਿਵਾਸ ਬੇਸ ਕੈਂਪ ਤੋਂ ਅਮਰਨਾਥ ਯਾਤਰਾ ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਕੁਲ 5 ਹਜ਼ਾਰ 892 ਸ਼ਰਧਾਲੂ ਘਾਟੀ ਲਈ ਰਵਾਨਾ ਹੋਏ।

ਪੇਸ਼ ਏ ਇਕ ਰਿਪੋਰਟ --3 ਹਜ਼ਾਰ 880 ਮੀਟਰ ਉੱਚੇ ਅਮਰਨਾਥ ਤੀਰਥ ਸਥਾਨ ਲਈ 38 ਦਿਨਾਂ ਦੀ ਯਾਤਰਾ ਰਸਮੀ ਤੌਰ 'ਤੇ ਕੱਲ੍ਹ ਦੋਵਾਂ ਰੂਟਾਂ -ਅਨੰਤਨਾਗ ਵਿੱਚ ਰਵਾਇਤੀ 48-ਕਿਲੋਮੀਟਰ ਨੂਨਵਾਨ-ਪਹਿਲਗਾਮ ਟ੍ਰੈਕ ਅਤੇ ਗਾਂਦਾਰਬਲ  ਵਿੱਚ 14-ਕਿਲੋਮੀਟਰ ਬਾਲਤਾਲ ਰੂਟ ਰਾਹੀਂ ਸ਼ੁਰੂ ਹੋਵੇਗੀ ਜੋ ਛੋਟਾ ਪਰ ਔਖਾ ਏ। ਯਾਤਰਾ ਇਸ ਸਾਲ 9 ਅਗਸਤ ਨੂੰ  ਸਾਉਣ ਦੀ ਪੂਰਨਮਾਸੀ  'ਤੇ ਸਮਾਪਤ ਹੋਵੇਗੀ। ਯਾਤਰਾ ਦੇ ਰਸਤੇ 'ਤੇ ਸ਼ਰਧਾਲੂਆਂ ਨੂੰ ਇੱਕ ਮਜ਼ਬੂਤ ਸੁਰੱਖਿਆ ਕਾਫ਼ਲੇ ਦੁਆਰਾ ਸੁਰੱਖਿਅਤ ਕੀਤਾ ਜਾ ਰਿਹਾ ਏ। ਇਸ ਸਾਲ ਦੀ ਯਾਤਰਾ ਲਈ ਹੁਣ ਤੱਕ 3 ਲਖ 31 ਹਜ਼ਾਰ  ਤੋਂ ਵੱਧ ਸ਼ਰਧਾਲੂ ਪਹਿਲਾਂ ਹੀ ਰਜਿਸਟਰ ਕਰ ਚੁੱਕੇ

ਹਨ ਜਦੋਂ ਕਿ ਜੰਮੂ ਵਿਖੇ ਮੌਕੇ 'ਤੇ ਰਜਿਸਟ੍ਰੇਸ਼ਨ ਵੀ ਸ਼ੁਰੂ ਹੋ ਗਈ ਹੈ, ਪਿਛਲੇ ਦੋ ਦਿਨਾਂ ਵਿੱਚ ਲਗਭਗ 4,000 ਟੋਕਨ ਵੰਡੇ ਗਏ ਹਨ। ਅਧਿਕਾਰੀਆਂ ਨੇ ਇੱਕ ਬਹੁ-ਪੱਧਰੀ ਗਰਿੱਡ, ਸੀਸੀਟੀਵੀ ਨਿਗਰਾਨੀ ਅਤੇ ਰੋਜ਼ਾਨਾ ਟ੍ਰੈਫਿਕ ਸਲਾਹਾਂ ਦੇ ਨਾਲ ਇੱਕ ਮਜ਼ਬੂਤ ਸੁਰੱਖਿਆ ਯੋਜਨਾ ਲਾਗੂ ਕੀਤੀ ਏ ।

---------------------------------------------------------------------

ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ 25 ਆਂਗਣਵਾੜੀ ਕੇਂਦਰਾਂ  ਦੀ ਉਸਾਰੀ ਕੀਤੀ ਜਾ ਰਹੀ ਏ ਜਿਨ੍ਹਾਂ ਵਿੱਚੋਂ 9 ਸੈਂਟਰਾਂ ਦਾ ਨਿਰਮਾਣ ਕਾਰਜ ਮੁਕੰਮਲ ਹੋ ਚੁੱਕਾ ਏ ਅਤੇ ਬਾਕੀ ਕੇਂਦਰਾਂ ਵੀ ਜਲਦ ਕਾਰਜਸ਼ੀਲ ਹੋ ਜਾਣਗੇ। ਵਧੀਕ ਡਿਪਟੀ ਕਮਿਸ਼ਨਰ ਅਵਨੀਤ ਕੌਰ ਨੇ ਬਲਾਕ ਬਲਾਚੌਰ ਅਧੀਨ ਗਰਾਮ ਪੰਚਾਇਤ ਰੱਕੜਾਂ ਬੇਟ ਵਿਖੇ ਆਂਗਣਵਾੜੀ ਕੇਂਦਰਾਂ ਦੇ ਨਿਰਮਾਣ ਕਾਰਜ ਦਾ ਨਿਰੀਖਣ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਸਾਰੀ ਤੈਅ ਸਮੇਂ ਵਿੱਚ ਮੁਕੰਮਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਮੁਕੰਮਲ ਹੋ ਚੁੱਕੇ 9 ਸੈਂਟਰ ਜਲਦ ਹੀ ਜ਼ਿਲ੍ਹਾ ਵਾਸੀਆਂ ਨੂੰ ਸਮਰਪਿਤ ਕੀਤੇ ਜਾਣਗੇ।  ਵਧੀਕ

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਸੈਂਟਰਾਂ ਦੇ ਨਿਰਮਾਣ ਨਾਲ 25 ਥਾਵਾਂ ’ਤੇ ਕਈ ਪਿੰਡਾਂ ਵਿੱਚ ਆਂਗਣਵਾੜੀ ਦੀ ਸਹੂਲਤ ਦਾ ਲੋਕਾਂ ਨੂੰ ਵੱਡਾ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸੈਂਟਰਾਂ ਵਿੱਚ ਵੱਖ-ਵੱਖ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਜੱਚਾ-ਬੱਚਾ ਭਲਾਈ ਉਪਰਾਲਿਆਂ ਨੂੰ ਹਰ ਲਾਭਪਾਤਰੀ ਤੱਕ ਪੁੱਜਦਾ ਕੀਤਾ ਜਾ ਸਕੇ।

----------------------------------------------------------------

ਜਲੰਧਰ ਸ਼ਹਿਰ ਵਿੱਚ ਕਾਨੂੰਨ ਅਤੇ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਹੋਰ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਮਿਲ ਕੇ, ਜਲੰਧਰ ਭਰ ਵਿੱਚ ਵਿਸ਼ੇਸ਼ ਸੁਰੱਖਿਆ ਪ੍ਰਬੰਧ ਲਾਗੂ ਕੀਤੇ ਨੇ। ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਧੇਰੇ ਚੌਕਸੀ ਬਣਾਈ ਰੱਖਣ ਲਈ 10 ਤੋਂ ਵੱਧ ਹਾਈ-ਟੈਕ ਅਤੇ ਰਣਨੀਤਕ ਨਾਕੇ ਸਥਾਪਤ ਕੀਤੇ ਗਏ ਨੇ। ਪੁਲਿਸ ਕਮਿਸ਼ਨਰ ਨੇ ਕਿਹਾ ਕਿ ਇਸ ਨਾਕਾਬੰਦੀ ਦਾ ਉਦੇਸ਼ ਕਾਨੂੰਨ ਅਤੇ ਵਿਵਸਥਾ ਨੂੰ ਲਾਗੂ ਕਰਨਾ, ਸ਼ੱਕੀ ਵਿਅਕਤੀਆਂ ਦੀ ਗਤੀਵਿਧੀ 'ਤੇ ਨਜ਼ਰ ਰੱਖਣਾ ਅਤੇ ਆਵਾਜਾਈ ਨੂੰ

ਨਿਯਮਤ ਕਰਨਾ ਏ । ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਇਨ੍ਹਾਂ ਨਾਕਿਆਂ 'ਤੇ 200 ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਨੂੰ ਸਾਰੇ ਸ਼ੱਕੀ ਵਾਹਨਾਂ ਦੀ ਵਿਆਪਕ ਜਾਂਚ ਕਰਨ ਅਤੇ ਸ਼ੱਕੀ ਵਿਵਹਾਰ ਦਿਖਾਉਣ ਵਾਲੇ ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

---------------------------------------------------------

ਫਤਿਹਗੜ੍ਹ ਸਾਹਿਬ ਪੁਲਿਸ ਨੇ ਮਨੁੱਖੀ ਤਸਕਰੀ ਵਿੱਚ ਸ਼ਾਮਿਲ ਅੱਠ ਕਥਿਤ ਮੁਲਜ਼ਮਾਂ ਨੂੰ ਗਿਰਫਤਾਰ ਕੀਤਾ ਏ । ਮੰਡੀ ਗੋਬਿੰਦਗੜ੍ਹ ਤੋਂ ਨਵ ਜੰਮੇ ਬੱਚਿਆਂ ਨੂੰ ਲੋੜਵੰਦ ਪਰਿਵਾਰਾਂ ਤੋਂ ਘੱਟ ਪੈਸਿਆਂ ਵਿੱਚ ਖਰੀਦਕੇ ਅੱਗੇ ਵੱਧ ਪੈਸਿਆਂ ਵਿੱਚ ਵੇਚਣ ਦਾ ਧੰਦਾ ਕਰਨ ਵਾਲੇ ਗੈਂਗ ਨੂੰ ਨਕਲੀ ਡੇਢ ਲੱਖ ਦੀ ਕਰੰਸੀ ਸਮੇਤ ਗ੍ਰਿਫਤਾਰ ਕੀਤਾ ਗਿਆ।ਜ਼ਿਕਰਯੋਗ ਏ ਕਿ ਇਸ ਗੈਂਗ ਵੱਲੋਂ ਮੰਡੀ ਗੋਬਿੰਦਗੜ੍ਹ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚੋਂ ਨਵ ਜਨਮੇ ਬੱਚੇ ਨੂੰ ਲੱਖਾਂ ਰੁਪਏ ਵਿੱਚ ਖਰੀਦਣ ਦੇ ਲਾਲਚ ਵਿੱਚ ਆ ਕੇ ਇੱਕ ਆਸ਼ਾ ਵਰਕਰ ਤੇ ਦਾਈ ਨਾਲ ਮਿਲ ਕੇ 4 ਲੱਖ ਰੁਪਏ ਵਿੱਚ ਵੇਚ ਦਿੱਤਾ ਗਿਆ । ਫਤਿਹਗੜ ਸਾਹਿਬ ਪੁਲਿਸ ਨੇ ਨਵਜਨਮੇ ਬੱਚੇ ਨੂੰ

ਪੱਛਮੀ ਬੰਗਾਲ ਤੋਂ ਬਰਾਮਦ ਕਰਕੇ ਲਿਆਂਦਾ ਏ । ਮੁਲਜ਼ਮਾਂ ਖਿਲਾਫ ਮੁਕਦਮਾ ਦਰਕ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਏ।

-----------------------------------------------------------

ਗੁਰਦਾਸਪੁਰ ਦੀ ਬਟਾਲਾ ਪੁਲਿਸ ਨੇ ਇਰਾਦਾ ਕਤਲ ਸਮੇਤ 9 ਵੱਖ ਵੱਖ ਮਾਮਲਿਆਂ ਵਿਚ ਲੋੜੀਦੇ ਮੁਲਜ਼ਮ ਰਾਹੁਲ ਦਾਤਰ ਨੂੰ ਗ੍ਰਿਫਤਾਰ ਕੀਤਾ ਏ। ਡੀ. ਐੱਸ. ਪੀ. ਪਰਮਵੀਰ ਸਿੰਘ ਮੁਤਾਬਿਕ ਰਾਹੁਲ ਦਾਤਰ ਨਾ ਦਾ ਇਹ ਨੌਜਵਾਨ ਵੱਖ ਵੱਖ ਵਾਰਦਾਤਾ ਨੂੰ ਅੰਜਾਮ ਦੇ ਕੇ ਫ਼ਰਾਰ ਹੋ ਜਾਂਦਾ ਸੀ ਅਤੇ ਇਸ ਖਿਲਾਫ ਨਸ਼ੇ ਅਤੇ ਨਜਾਇਜ ਅਸਲੇ ਦੇ 9 ਮੁਕਦਮੇ ਵੀ ਦਰਜ ਨੇ । ਉਨ੍ਹਾਂ ਦਸਿਆ ਕਿ ਇਸਦਾ ਰਿਮਾਂਡ ਤੇ ਲੈਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ ।

-----------------------------------------------------------

ਫਰੀਦਕੋਟ ਦੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਕਿਹਾ ਕਿ ਵਾਤਾਵਰਨ ਦੀ ਸੰਭਾਲ ਲਈ ਹਰੇਕ ਅਧਿਕਾਰੀ ਤੇ ਵਿਭਾਗ ਦਾ ਫਰਜ਼ ਬਣਦਾ ਏ ਕਿ ਉਹ ਆਪਣੀ ਜਿੰਮੇਵਾਰੀ ਦੇ ਨਾਲ-ਨਾਲ ਇਨਸਾਨੀਅਤ ਦੇ ਨਾਂ ਤੇ ਵੱਧ ਤੋਂ ਵੱਧ ਬੂਟੇ ਲਗਾਏ ਤਾਂ ਜੋ ਆਪਣੀਆਂ ਆਉਣ ਵਾਲੀਆਂ

ਪੀੜ੍ਹੀਆਂ ਨੂੰ ਸਾਫ਼ ਸੁਥਰਾ ਅਤੇ ਰਹਿਣ ਯੋਗ ਵਾਤਾਵਰਨ ਮੁਹੱਈਆ ਕਰਵਾਇਆ ਜਾ ਸਕੇ। ਊਨਾ ਸਮੂਹ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸ਼ਨਾਖਤ ਕੀਤੀਆਂ ਗਈਆਂ ਥਾਵਾਂ ਤੇ ਅੱਜ ਤੋਂ ਹੀ ਟੋਏ ਪੁੱਟਣ ਦੀ ਸ਼ੁਰੂਆਤ ਕਰ ਦਿੱਤੀ ਜਾਵੇ ਤਾਂ ਜੋ ਸਮੇਂ ਸਿਰ ਬੂਟੇ ਲਗਾਏ ਜਾ ਸਕਣ। ਉਨ੍ਹਾਂ ਕਿਹਾ ਕਿ ਵੱਧ ਰਹੇ ਤਾਪਮਾਨ ਵਾਲੇ ਸਥਾਨਾਂ ਦੀ ਚੋਣ ਕਰਕੇ ਵੱਧ ਤੋਂ ਵੱਧ ਬੂਟੇ ਉਥੇ ਲਗਾਏ ਜਾਣ ਤਾਂ ਜੋ ਇਨ੍ਹਾਂ ਬੂਟਿਆਂ ਨਾਲ ਵਾਤਾਵਰਨ ਸਾਫ਼-ਸੁਥਰਾ ਰਹੇਗਾ ਤੇ ਭਵਿੱਖ ਵਿੱਚ ਗਰਮੀ ਤੋਂ ਰਾਹਤ ਮਿਲ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਰਿਮੋਟ ਸੈਸਰਿੰਗ ਸੈਟਰ ਤੋ ਪ੍ਰਾਪਤ ਨਕਸ਼ੇ ਦੇ ਆਂਕੜਿਆ ਅਨੁਸਾਰ ਜ਼ਿਲ੍ਹੇ ਵਿਚ ਹਰਾ-ਭਰਾ ਖੇਤਰ ਕਾਫੀ ਘੱਟ ਗਿਆ ਏ , ਜਿਸ ਨਾਲ ਧਰਤੀ ਦੇ ਤਾਪਮਾਨ ਵਿਚ ਵੀ ਵਾਧਾ ਹੋ ਰਿਹਾ ਏ ।

---

ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼, ਉਤਰਾਖੰਡ ਅਤੇ ਰਾਜਸਥਾਨ ਸਮੇਤ ਉੱਤਰੀ ਅਤੇ ਮੱਧ ਭਾਰਤ ਵਿੱਚ ਮੀਂਹ ਲਈ ORANGE ਅਲਰਟ ਜਾਰੀ ਕੀਤਾ ਏ । ਹਿਮਾਚਲ ਪ੍ਰਦੇਸ਼ ਵਿੱਚ ਮੌਨਸੂਨ ਪੂਰੇ ਜ਼ੋਰਾਂ 'ਤੇ ਏ ।

ਹਾਲ ਹੀ ਵਿੱਚ ਹੋਈ ਮੋਹਲੇਧਾਰ ਬਾਰਿਸ਼, ਜ਼ਮੀਨ ਖਿਸਕਣ ਅਤੇ ਬੱਦਲ ਫਟਣ ਕਾਰਨ ਭਾਰੀ ਜਾਨ-ਮਾਲ ਦਾ ਨੁਕਸਾਨ ਹੋਇਆ ਏ । ਹੁਣ ਤੱਕ, ਮੀਂਹ ਨਾਲ ਸਬੰਧਤ ਘਟਨਾਵਾਂ ਵਿੱਚ 51 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ 100 ਤੋਂ ਵੱਧ ਜ਼ਖਮੀ ਹੋਏ ਹਨ ਅਤੇ 21 ਲੋਕ ਅਜੇ ਵੀ ਲਾਪਤਾ ਦੱਸੇ ਜਾ ਰਹੇ ਨੇ ।

---------------------------------------------------------

ਕ੍ਰਿਕਟ ਵਿੱਚ,  ਬਰਮਿੰਘਮ ਵਿਖੇ ਐਂਡਰਸਨ-ਤੇਂਦੁਲਕਰ ਟਰਾਫੀ ਲੜੀ ਦੇ ਦੂਜੇ ਟੈਸਟ ਦੇ ਪਹਿਲੇ ਦਿਨ ਦਾ ਮੈਚ ਭਾਰਤ ਅਤੇ ਇੰਗਲੈਂਡ ਦਰਮਿਆਨ ਖੇਡਿਆ ਜਾ ਰਿਹਾ ਏ । ਇਸ ਤੋਂ ਪਹਿਲਾਂ, ਕਪਤਾਨ ਬੇਨ ਸਟੋਕਸ ਦੀ ਅਗਵਾਈ ਵਾਲੀ ਇੰਗਲੈਂਡ ਨੇ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਪੰਜ ਮੈਚਾਂ ਦੀ ਲੜੀ ਦੇ ਪਹਿਲੇ ਟੈਸਟ ਵਿੱਚ, ਇੰਗਲੈਂਡ ਨੇ ਭਾਰਤ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਹੈਡਿੰਗਲੇ, ਲੀਡਜ਼ ਵਿੱਚ 1-0 ਦੀ ਬੜ੍ਹਤ ਬਣਾਈ।

---------------------------------------------------------